ੴ ਸਤਿਗੁਰ ਪ੍ਰਸਾਦਿ ॥

# ਕ੍ਰਾਂਤੀਕਾਰੀ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼



## ਸੁਣੀ ਪੁਕਾਰਿ ਦਾਤਾਰ ਪ੍ਰਭੁ,
## ਗੁਰ ਨਾਨਕ ਜਗ ਮਾਹਿ ਪਠਾਯਾ ।

ਨਾਨਕ ਸ਼ਾਹੀ ਸੰਮਤ 546

ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ (ਗੁਰਪੁਰਬ) ਦੀ
ਤੁਹਾਨੂੰ ਸਾਰਿਆਂ ਨੂੰ ਹਾਰਦਿਕ ਵਧਾਈ !!

ਪ੍ਰਕਾਸ਼ਕ
ਕ੍ਰਾਂਤਿਕਾਰੀ ਜਗਤ ਗੁਰੂ ਨਾਨਕ ਦੇਵ ਚੈਰਿਟੇਬਲ ਟ੍ਰਸਟ, ਚੰਡੀਗੜ੍ਹ

ਲੇਖਕ-ਜਸਵੀਰ ਸਿੰਘ Ph. : (0172-2696891), 09988160484

Download Free

ੴ ਸਤਿਗੁਰ ਪ੍ਰਸਾਦਿ ॥

# ਕ੍ਰਾਂਤੀਕਾਰੀ ਜਗਤ ਗੁਰੂ ਬਾਬਾ ਨਾਨਕ

ਅੱਜ ਦੇ ਬੁੱਧੀਜੀਵੀ ਜਦੋਂ ਜਗਤ ਗੁਰੂ ਬਾਬਾ ਨਾਨਕ ਜੀ ਦੇ ਜੀਵਨ ਦਾ ਵਿਸਥਾਰ ਨਾਲ ਅਧਿਐਨ ਕਰਦੇ ਹਨ ਤਾਂ ਉਹ ਉਨ੍ਹਾਂ ਦੀ ਬਹੁਮੁੱਖੀ ਪ੍ਰਤਿਭਾ ਨੂੰ ਪੜ੍ਹ ਕੇ ਹੈਰਾਨ ਰਹਿ ਜਾਂਦੇ ਹਨ ਕਿਉਂਕਿ ਗੁਰੂ ਜੀ ਨੇ ਜੋ ਸਿਧਾਂਤ ਅੱਜ ਤੋਂ ਲਗਭਗ ਪੰਜ ਸੌ ਤੀਹ ਸਾਲ ਪਹਿਲਾਂ ਮਾਨਵ ਸਮਾਜ ਦੇ ਸਾਹਮਣੇ ਰੱਖੇ, ਉਹ ਅੱਜ ਵੀ ਵਿਗਿਆਨਕ ਕਸੌਟੀ ਤੇ ਖਰੇ ਉਤਰਦੇ ਹਨ ਅਤੇ ਕਲਿਆਣਕਾਰੀ ਹਨ, ਜਿਨ੍ਹਾਂ ਦੇ ਰਾਹੀਂ ਵਿਸ਼ਵ ਭਾਈਚਾਰੇ ਨੂੰ ਸਥਾਈ ਰੂਪ ਵਿਚ ਲਿਆਂਦਾ ਜਾ ਸਕਦਾ ਹੈ। ਗੁਰੂ ਜੀ ਨੇ ਉਨ੍ਹਾਂ ਮੁਸ਼ਕਲ ਹਾਲਾਤਾਂ ਵਿਚ ਸੰਸਾਰ ਦੀਆਂ ਅਣਗਿਣਤ ਕਿਲੋਮੀਟਰ ਪੈਦਲ ਯਾਤਰਾਵਾਂ ਕੀਤੀਆਂ ਜਿਨ੍ਹਾਂ ਦੇ ਸੰਬੰਧ ਵਿਚ ਅੱਜ ਵੀ ਸੋਚ ਕੇ ਹੈਰਾਨੀ ਹੁੰਦੀ ਹੈ, ਜਦ ਕਿ ਅੱਜ ਕਲ ਹਰ ਤਰ੍ਹਾਂ ਦੇ ਯਾਤਾਯਾਤ (ਆਵਾਜਾਈ) ਦੇ ਵਿਗਿਆਨਕ ਸਾਧਨ ਮੌਜੂਦ ਹਨ। ਆਪਣੇ ਹੀ ਦੇਸ਼ ਵਿਚ ਅਸੀਂ ਅੱਜ ਵੀ ਇੱਕ ਪ੍ਰਾਂਤ ਤੋਂ ਦੂਜੇ ਪ੍ਰਾਂਤ ਵਿਚ ਜਾਣ ਤੇ ਭਾਸ਼ਾ ਦੀ ਦੀਵਾਰ ਮਹਿਸੂਸ ਕਰਦੇ ਹਾਂ। ਪ੍ਰਤੱਖ ਨੂੰ ਪ੍ਰਮਾਣ (ਸਬੂਤ) ਦੀ ਲੋੜ ਨਹੀਂ ਹੁੰਦੀ। ਗੁਰੂ ਜੀ ਨੇ ਜਦੋਂ ਤਿੱਬਤ ਦੀ ਯਾਤਰਾ ਕੀਤੀ ਤਾਂ ਉਨ੍ਹਾਂ ਦੀ ਸ਼ਖਸ਼ੀਅਤ ਤੋਂ ਪ੍ਰਭਾਵਿਤ ਹੋ ਕੇ ਤਿੱਬਤੀਆਂ ਨੇ ਗੁਰੂ ਦੇਵ ਜੀ ਨੂੰ ਨਾਨਕ ਲਾਮਾ ਕਹਿ ਕੇ ਸੰਬੋਧਿਤ ਕੀਤਾ। ਇਸੇ ਤਰ੍ਹਾਂ ਗੁਰੂ ਦੇਵ ਜੀ ਜਦ ਅਰਬ ਦੇਸ਼ਾਂ ਵਿਚ ਪਹੁੰਚੇ ਤਾਂ ਉਥੋਂ ਦੇ ਕੱਟੜ-ਪੰਥੀਆਂ ਨੇ ਵੀ ਉਨ੍ਹਾਂ ਦਾ ਅਦਬ-ਸਤਿਕਾਰ ਕਰਨ ਲਈ ਉਨ੍ਹਾਂ ਨੂੰ ਹਜ਼ਰਤ ਬਾਬਾ ਨਾਨਕ ਕਹਿ ਕੇ ਸੰਬੋਧਨ ਕੀਤਾ। ਗੁਰੂ ਜੀ ਜਿੱਥੇ ਕਿਤੇ ਵੀ ਗਏ, ਉਥੇ ਉਨ੍ਹਾਂ ਨੇ ਲੋਕਾਂ ਦਾ ਆਪਣੇ ਪ੍ਰਵਚਨਾਂ ਦੁਆਰਾ ਮਨ ਜਿੱਤ ਲਿਆ। ਲੋਕ ਬਹੁਤ ਪ੍ਰਭਾਵਿਤ ਹੋਏ। ਗੁਰੂ ਦੇਵ ਜੀ ਆਪਣੇ ਹਿਰਦੇ ਵਿਚ ਮਾਨਵਤਾ ਦੇ ਲਈ ਅਪਾਰ ਪ੍ਰੇਮ ਰੱਖਦੇ ਸਨ। ਉਨ੍ਹਾਂ ਦੇ ਸਿਧਾਂਤ ਜਾਤੀ-ਪਾਤੀ, ਰੰਗ, ਨਸਲ, ਹਿੰਦੂ, ਮੁਸਲਿਮ, ਲਿੰਗ-ਭੇਦ, ਊਚ-ਨੀਚ, ਦੇਸ਼-ਕਾਲ, ਅਮੀਰ-ਗਰੀਬ, ਮਾਲਿਕ-ਨੌਕਰ, ਆਦਿ ਦੇ ਮਤਭੇਦ ਤੋਂ ਉੱਪਰ ਸਨ। ਮਾਨਵ ਅਧਿਕਾਰਾਂ ਦੀ ਰੱਖਿਆ ਦੇ ਸੰਘਰਸ਼ ਲਈ ਉਨ੍ਹਾਂ ਨੇ ਘਰੇਲੂ ਸੁੱਖਾਂ ਦਾ ਤਿਆਗ ਕੀਤਾ ਅਤੇ ਸੰਸਾਰ ਦੇ ਦੁੱਖਾਂ ਨੂੰ ਵੰਡਣ ਲਈ ਹੀ ਜਗਤ ਦੀ ਯਾਤਰਾ (ਉਦਾਸੀਆਂ) ਕੀਤੀ। ਉਹ ਤਾਂ ਸਾਰੇ ਮਨੁੱਖਾਂ ਨੂੰ ਆਤਮ-ਨਿਰਭਰ ਅਤੇ ਆਜ਼ਾਦ ਵੇਖਣਾ ਚਾਹੁੰਦੇ ਸਨ। ਇਸ ਕਲਪਨਾ ਨੂੰ ਅਮਲੀ ਰੂਪ ਦੇਣ ਲਈ ਹੀ ਉਨ੍ਹਾਂ ਨੇ ਆਪਣਾ ਤ੍ਰਿੰਨ ਸੂਤਰੀ

**ਪ੍ਰੋਗਰਾਮ ਪੇਸ਼ ਕੀਤਾ :-** ਕਿਰਤ ਕਰੋ, ਨਾਮ ਜਪੋ, ਵੰਡ ਛਕੋ। ਅਰਥਾਤ ਮਿਹਨਤ ਕਰੋ, ਪ੍ਰਭੂ ਚਿੰਤਨ ਕਰੋ, ਮਿਲ-ਵੰਡ ਕੇ ਸੇਵਨ ਕਰੋ।

ਸੁਲਤਾਨਪੁਰ ਲੋਧੀ ਵਿਖੇ ਵੇਈਂ ਨਦੀ ਵਿਚ ਗੁਪਤ ਰਹਿਣ ਤੋਂ ਬਾਅਦ, ਗੁਰੂ ਦੇਵ ਜਦ ਬਾਹਰ ਆਏ ਤਾਂ ਉਨ੍ਹਾਂ ਨੇ ਇੱਕ ਨਾਅਰਾ ਬੁਲੰਦ ਕੀਤਾ ਸੀ **"ਨ ਕੋਈ ਹਿੰਦੂ ਨ ਕੋਈ ਮੁਸਲਮਾਨ"** ਜਿਸ ਦਾ ਭਾਵ-ਅਰਥ ਸਪਸ਼ਟ ਹੈ ਕਿ ਸਭ ਲੋਕ ਪਹਿਲਾਂ ਮਨੁੱਖ ਹਨ, ਹਿੰਦੂ ਮੁਸਲਮਾਨ ਵਰਗੀਕਰਨ ਬਾਅਦ ਵਿਚ ਹੋਇਆ ਹੈ। ਇਸ ਲਈ ਪ੍ਰੇਮ ਦਾ ਮਾਰਗ ਅਪਨਾ ਕੇ ਨਫਰਤ ਦਾ ਤਿਆਗ ਕਰੋ।

ਗੁਰੂ ਦੇਵ ਨੇ ਸਮੁੱਚੇ ਮਾਨਵ ਸਮਾਜ ਨੂੰ ਸੰਬੋਧਿਤ ਹੁੰਦੇ ਹੋਏ ਕਿਹਾ ਸੀ, ਹੇ ਸੱਚੇ ਮਨੁੱਖੋ ! ਹੇ ਧਰਮੀ ਮਨੁੱਖੋ ! ਤੁਹਾਡੇ ਸਾਰਿਆਂ ਵਿਚ ਇੱਕ ਹੀ ਪ੍ਰਮਾਤਮਾ ਦਿਖਾਈ ਦੇ ਰਿਹਾ ਹੈ, ਤੁਸੀਂ ਸਾਰੇ ਉਸਦੀ ਸੰਤਾਨ ਹੋ, ਤੁਸੀਂ ਸਭ ਆਸਤਿਕ ਹੋ, ਜਦੋਂ ਕੋਈ ਨਾਸਤਿਕ ਦਿਖਾਈ ਹੀ ਨਹੀਂ ਦੇ ਰਿਹਾ ਤਾਂ ਫਿਰ ਤੁਸੀਂ ਇੱਕ ਦੂਸਰੇ ਦੇ ਪ੍ਰਤੀ ਈਰਖਾ, ਘ੍ਰਿਣਾ ਸਾੜਾ ਕਿਉਂ ਰੱਖਦੇ ਹੋ। ਜਦੋਂ ਸਾਰਿਆਂ ਦਾ ਪ੍ਰਭੂ ਇੱਕ ਹੈ, ਉਹ ਸਾਰਿਆਂ ਦਾ ਪਾਲਣ-ਪੋਸ਼ਣ ਕਰ ਰਿਹਾ ਹੈ, ਫਿਰ ਐਨੀ ਭਿੰਨਤਾ (ਵਖਰੇਵਾਂ) ਕਿਉਂ ? ਅਸਲ ਵਿਚ ਮਨੁੱਖ ਨੇ ਪ੍ਰਭੂ ਪਰਮੇਸ਼ਰ ਨੂੰ ਸਮਝਣ ਦਾ ਯਤਨ ਹੀ ਨਹੀਂ ਕੀਤਾ। ਜੇ ਮਨੁੱਖ ਨੇ ਪ੍ਰਭੂ ਪਰਮੇਸ਼ਰ ਦੀ ਅਥਾਹ ਸ਼ਕਤੀ ਨੂੰ ਸਮਝ ਲਿਆ ਹੁੰਦਾ ਤਾਂ ਸਮਾਜ ਵਿਚ ਕੇਵਲ ਪ੍ਰੇਮ ਹੀ ਪ੍ਰੇਮ ਹੁੰਦਾ, ਨਫਰਤ ਨਹੀਂ। ਇਸ ਲਈ ਸਭ ਤੋਂ ਪਹਿਲਾਂ ਉਸ ਪ੍ਰਭੂ-ਪ੍ਰਮੇਸ਼ਰ ਦੀ ਪ੍ਰੀਭਾਸ਼ਾ ਦਾ ਵਿਸ਼ਲੇਸ਼ਣ ਕਰਨਾ ਜ਼ਰੂਰੀ ਹੈ ਕਿ ਕਿਹੜੀ ਮਹਾਂਸ਼ਕਤੀ ਨੂੰ ਪਰਮੇਸ਼ਰ ਕਹੀਏ ? ਪਿੱਪਲ ਦਾ ਦਰੱਖਤ, ਮੂਰਤੀ, ਦੇਵੀ ਦੇਵਤੇ, ਜੋ ਕਿ ਨਾਸ਼ਵਾਨ ਹਨ ਅਤੇ ਜਿਨ੍ਹਾਂ ਨੂੰ ਮਨੁੱਖ ਨੇ ਬਣਾਇਆ ਅਤੇ ਸਥਾਪਿਤ ਕੀਤਾ ਹੈ, ਉਹ ਤਾਂ ਪਰਮੇਸ਼ਰ ਦਾ ਸਰੂਪ ਨਹੀਂ ਹੋ ਸਕਦੇ। ਇਸ ਲਈ ਗੁਰੂ ਜੀ ਨੇ ਨਿਰਦੇਸ਼ ਦਿੱਤਾ

**"ਏਕੋ ਮਿਸਰਉ ਨਾਨਕਾ ਜੋ ਜਲਿ ਥਲਿ ਰਹਿਆ ਸਮਾਇ ॥**

**ਦੂਜਾ ਕਾਹਿ ਸਿਮਰੀਐ ਜੋ ਜੰਮੈ ਤ ਮਰਿ ਜਾਇ ॥"**

**ਜਨਮ ਸਾਖੀ**

ਗੁਰੂ ਦੇਵ ਨੇ ਉਸ ਸਮੇਂ ਦੇ ਸਾਰੇ ਬੁਧੀਜੀਵੀਆਂ ਨੂੰ ਚਿਤਾਵਨੀ ਦਿੱਤੀ ਕਿ ਪਰਮੇਸ਼ਰ ਕਦੇ ਵੀ ਤਿੰਨ ਨਹੀਂ ਹੋ ਸਕਦੇ। ਉਹ ਤਾਂ ਕੇਵਲ ਇੱਕ ਹੈ ਅਤੇ ਕੇਵਲ ਇੱਕ ਹੀ ਹੈ। ਇਸ ਲਈ ਗੁਰੂ ਦੇਵ ਨੇ ਪ੍ਰਾਚੀਨ ਪ੍ਰਚਲਿਤ ਓਮ (ਓੰ) ਅੱਖਰ (ਸ਼ਬਦ) ਜੋ ਕਿ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਦੇ ਲਈ ਵਰਤਿਆ ਜਾਂਦਾ ਹੈ, ਦਾ ਸ਼ੰਸ਼ੋਧਨ (ਸੁਧਾਰ) ਕਰ ਕੇ ਉਸਦੇ ਅੱਗੇ ਅੰਕਾਂ ਵਿਚ ਇੱਕ (੧) ਲਾ ਦਿੱਤਾ ਅਤੇ ਕਿਹਾ, ਇਨ੍ਹਾਂ ਕਾਲਪਨਿਕ ਤਿੰਨ ਦੇਵਤਿਆਂ ਤੋਂ ਅਲਗ ਵੀ ਕੋਈ ਇੱਕ ਹੋਰ ਮਹਾਂ-ਸ਼ਕਤੀ (ਮਹਾਂਕਾਲ) ਹੈ, ਜੋ ਕਿ ਇਨ੍ਹਾਂ ਦੇਵਤਿਆਂ ਦੀ ਵੀ ਨਿਰਮਾਤਾ ਹੈ। ਸਿਰਫ ਉਹੀ ਇੱਕ ਸੱਚ ਹੈ, ਬਾਕੀ ਸਭ ਝੂਠ ਅਤੇ ਨਾਸ਼ਵਾਨ ਹੈ ਅਰਥਾਤ ਸਭ ਕਾਲਚੱਕਰ ਦੇ ਵੱਸ ਵਿਚ ਹਨ। ਕੇਵਲ ਉਹੀ ਸ੍ਰਿਸ਼ਟੀ ਦਾ ਨਾਮ ਕਰਨ ਵਾਲਾ ਹੈ। ਉਸ ਵਿਚ ਬੇਅੰਤ ਗੁਣ ਹਨ ਪਰ ਉਸਦੇ ਕੁਝ ਗੁਣ ਵਰਨਣਯੋਗ ਹਨ, ਜੋ ਕਿ ਉਸ ਦੇ ਇਲਾਵਾ ਕਿਸੇ ਹੋਰ ਵਿਚ ਨਹੀਂ ਹੋ ਸਕਦੇ। ਉਹ ਵੀ ਸਿਰਫ ਨਿਰਭੈ ਹੈ, ਨਿਰਵੈਰ ਹੈ। ਉਹ ਸਮੇਂ ਦੀ ਸੀਮਾ ਵਿਚ ਬੱਝਿਆ ਹੋਇਆ ਨਹੀਂ ਹੈ, ਨਾ ਹੀ ਉਹ ਮਾਂ ਦੀ ਕੁੱਖ ਵਿਚ ਜਨਮ ਲੈਂਦਾ ਹੈ। ਹੁਣ ਸਵਾਲ ਇਹ ਉਠਦਾ ਹੈ ਕਿ ਉਸਦਾ ਨਿਰਮਾਣ ਕਿਸ ਨੇ ਕੀਤਾ ਹੈ? ਇਸ ਦਾ ਇਕ ਮਾਤਰ ਉੱਤਰ ਇਹ ਹੈ ਕਿ ਉਸਨੇ ਆਪਣੇ ਆਪ ਨੂੰ ਆਪ (ਖੁਦ) ਬਣਾਇਆ ਹੈ ਇਸ ਲਈ ਉਸ ਨੂੰ ਖੁਦਾ' ਵੀ ਕਹਿੰਦੇ ਹਨ।

ਗੁਰੂਦੇਵ ਜੀ ਨੇ ਫੁਰਮਾਇਆ ਹੈ ਕਿ ਕੁਦਰਤ ਦਾ ਜੋ ਸਰੂਪ ਜਗਤ ਦੇ ਸਾਹਮਣੇ ਹੈ, ਉਸ ਦੀ ਹੋਂਦ ਅਤੇ ਉਸਦੇ ਸੰਚਾਲਨ ਦੇ ਪਿਛੇ ਕਿਸੇ ਇੱਕ ਬਹੁਤ ਵਿਸ਼ਾਲ ਅਦ੍ਰਿਸ਼ ਸ਼ਕਤੀ ਦਾ ਹੱਥ ਹੈ। ਬਸ ਸਿਰਫ ਉਸੇ ਸ਼ਕਤੀ, ਜਿਸਦਾ ਕੁਦਰਤ ਦੇ ਕਣ-ਕਣ ਵਿਚ ਅਲਗ-ਅਲਗ ਰੂਪਾਂ ਵਿਚ ਸਮਾਵੇਸ਼ ਹੈ, ਨੂੰ ਹੀ ਪਾਰਬ੍ਰਹਮ-ਪਰਮੇਸ਼ਰ ਕਹਿੰਦੇ ਹਨ। ਇਸ ਦੇ ਅਧੀਨ ਸਮੁੱਚਾ ਵਿਸ਼ਵ ਨਿਯਮ-ਬੱਧ ਹੋ ਕੇ ਬਿਨਾਂ ਕਿਸੇ ਅਵਰੋਧ ਦੇ ਆਪਣਾ ਕੰਮ ਕਰ ਰਿਹਾ ਹੈ। ਇਸ ਤੋਂ ਇਹ ਨਤੀਜਾ ਨਿਕਲਦਾ ਹੈ ਕਿ ਉਸ ਮਹਾਂਸ਼ਕਤੀ ਦੀ ਅਰਾਧਨਾ ਦੇ ਲਈ ਕੋਈ ਕਰਮ-ਕਾਂਡ ਕਰਨ ਦੀ ਲੋੜ ਨਹੀਂ। ਮਾਨਵ ਨੇ ਤਾਂ ਸਿਰਫ ਕੁਦਰਤ ਦੇ ਨਿਯਮਾਂ ਨੂੰ ਸਮਝ ਕੇ ਉਸ ਦੇ ਅਨੁਸਾਰ ਆਪਣਾ ਜੀਵਨ ਜਿਉਣਾ ਹੈ। ਅਸਲ ਵਿਚ ਉਹੀ ਸ਼ਕਤੀ ਦਿਵਯ-ਜੋਤੀ ਹੈ ਜੋ ਕਿ ਪ੍ਰਾਣੀ ਮਾਤਰ ਦੇ ਰੋਮ-ਰੋਮ ਵਿਚ ਰਚੇ-ਰਾਮ ਦੇ ਰੂਪ ਵਿਚ ਮੌਜੂਦ ਹੈ। ਇਸ ਲਈ ਉਸ ਦਾ ਚਿੰਤਨ-ਮਨਨ ਕਰਨ ਦਾ ਸਭ ਤੋਂ ਵਧੀਆ ਨਿਯਮ ਇਹ ਹੈ ਕਿ ਉਸ ਦੀ ਯਾਦ ਨੂੰ ਹਰ ਵੇਲੇ ਹਿਰਦੇ ਵਿਚ ਵਸਾ ਕੇ ਰਖਣਾ। ਭਾਵ:-

"ਊਠਤ ਬੈਠਤ ਸੋਵਤ ਜਾਗਤ ਇਹਿ ਮਨਿ ਤੁਝੈ ਚਿਤਾਰੈ ॥"

ਸੂਖ ਦੂਖ ਇਸੁ ਮਨ ਕੀ ਬਿਰਥਾ ਤੁਝਹੀ ਆਗੈ ਸਾਰੈ॥

ਮ.5 ਅੰਗ 820

ਗੁਰੂ ਨਾਨਕ ਦੇਵ ਜੀ ਦੇ ਜੀਵਨ-ਬਿਰਤਾਂਤ ਅਤੇ ਉਨ੍ਹਾਂ ਦੀ ਬਾਣੀ ਦਾ ਜਿਨ੍ਹਾਂ ਵਿਦਵਾਨ ਲੋਕਾਂ ਅਤੇ ਬੁੱਧੀ ਜੀਵੀਆਂ ਨੇ ਅਧਿਐਨ ਕੀਤਾ ਹੈ, ਉਨ੍ਹਾਂ ਨੂੰ ਇਹ ਮਹਿਸੂਸ ਹੋਇਆ ਹੈ ਕਿ ਗੁਰੂਦੇਵ ਜੀ ਨੇ ਜਨ-ਸਾਧਾਰਣ ਦੇ ਦੁੱਖਾਂ ਦਾ ਕਾਰਨ ਅਗਿਆਨਤਾ ਨੂੰ ਮੰਨਿਆ ਹੈ, ਕਿਉਂਕਿ ਅਗਿਆਨਤਾ ਦਾ ਮੂਲ ਕਾਰਨ ਹੀ ਗੁਲਾਮੀ ਹੈ। ਇਸ ਲਈ ਗੁਰੂਦੇਵ ਨੇ ਇੱਕ ਆਜ਼ਾਦ ਸਮਾਜ ਦੀ ਸਥਾਪਨਾ ਦੀ ਕਲਪਨਾ ਕੀਤੀ, ਜਿਸ ਵਿਚ ਹਰ ਮਨੁੱਖ ਹਰ ਦ੍ਰਿਸ਼ਟੀ ਤੋਂ ਆਜ਼ਾਦ ਸ਼ਕਸ਼ੀਅਤ ਦਾ ਮਾਲਕ ਹੋਵੇ ਅਰਥਾਤ ਕਿਸੇ ਵੀ ਪ੍ਰਕਾਰ ਦਾ ਉਸ ਦੇ ਮਨ ਅਤੇ ਆਤਮਾ ਤੇ ਬਾਹਰੀ ਬੰਧਨਾਂ ਦਾ ਬੋਝ ਭਾਵ ਦਬਾਵ ਨਾ ਹੋਵੇ। ਇਸ ਲਈ ਉਨ੍ਹਾਂ ਨੇ ਸਮਾਜ ਦੇ ਹਰ ਪ੍ਰਾਣੀ ਨੂੰ ਜਾਗਰਤ ਕਰਨ ਦੇ ਲਈ ਸੰਘਰਸ਼ ਸ਼ੁਰੂ ਕੀਤਾ ਹਰ ਤਰ੍ਹਾਂ ਦੀ ਗੁਲਾਮੀ ਭਾਵੇਂ ਰਾਜਨੀਤਕ, ਆਰਥਿਕ, ਧਾਰਮਿਕ ਜਾਂ ਸਮਾਜਿਕ ਹੋਵੇ। ਭਾਈ ਗੁਰਦਾਸ ਜੀ ਨੇ ਜਦੋਂ ਗੁਰੂ ਜੀ ਦੇ ਫੈਸਲੇ ਦਾ ਅਧਿਐਨ ਕੀਤਾ ਤਾਂ ਉਨ੍ਹਾਂ ਦਾ ਕਵੀ ਹਿਰਦਾ ਪੁਕਾਰ ਉਠਿਆ :-

"ਬਾਬਾ ਦੇਖੈ ਧਯਾਨ ਧਰ ਜਲਤੀ ਸਭ ਪ੍ਰਿਥਮੀ ਦਿਸ ਆਈ।

ਬਾਝਹੁ ਗੁਰੂ ਗੁਬਾਰ ਹੈ ਹੈ ਹੈ ਕਰਦੀ ਸੁਣੀ ਲੁਕਾਈ।"

ਭਾਈ ਗੁਰਦਾਸ ਜੀ

ਗੁਰੂਦੇਵ ਨੇ ਆਪਣੀ ਪ੍ਰਚਾਰ ਯਾਤਰਾ (ਉਦਾਸੀ) ਦੌਰਾਨ ਆਰਥਿਕ ਵਿਤਕਰੇ ਦੇ ਵਿਰੁੱਧ ਸੰਘਰਸ਼ ਕਰਦੇ ਹੋਏ ਮਲਿਕ ਭਾਗੋ ਦਾ ਪ੍ਰੀਤੀ-ਭੋਜ ਠੁਕਰਾ ਕੇ ਧਰਮ ਦੀ ਕਿਰਤ (ਸੱਚੀ ਮਿਹਨਤ) ਕਰਨ ਵਾਲੇ ਭਾਈ ਲਾਲੋ ਦਾ ਰੁੱਖਾ-ਸੁੱਖਾ (ਸਾਧਾਰਨ) ਭੋਜਨ ਛਕ ਕੇ ਕਿਰਤ ਕਰਨ ਦੀ ਪ੍ਰੇਰਣਾ ਦਿੱਤੀ :-

"ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥

ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥"

ਮ. 1 ਅੰਗ 141

ਜਦ ਤੱਕ ਸਮਾਜ ਵਿਚ ਆਰਥਿਕ ਅਸਮਾਨਤਾ ਹੈ, ਉਦੋਂ ਤਕ ਜਨ-ਸਾਧਾਰਨ (ਆਮ ਜਨਤਾ) ਪੂੰਜੀਵਾਦ ਦਾ ਸ਼ਿਕਾਰ ਹੁੰਦਾ ਰਹੇਗਾ। ਇਸ ਅਨਿਆ ਦੇ ਕਾਰਨ ਸਮਾਜ ਵਿਚ ਕੁਰੀਤਿਆਂ ਅਤੇ ਬੁਰਾਈਆਂ ਪੈਦਾ ਹੁੰਦੀਆਂ ਰਹਿਣਗੀਆਂ, ਇਸ ਤਰ੍ਹਾਂ ਸਮਾਜ ਵਿਚ ਸਥਿਰਤਾ ਨਹੀਂ ਆ ਸਕਦੀ, ਆਰਥਿਕ ਮੁਥਾਜੀ ਮਨੁੱਖ ਨੂੰ ਕਦੇ ਵੀ ਸਫਲ ਨਹੀਂ ਹੋਣ ਦੇਂਦੀ। ਆਰਥਿਕ ਪੱਖ ਤੋਂ ਕਮਜ਼ੋਰ ਵਿਅਕਤੀ ਦੀ ਵਿਚਾਰਧਾਰਾ ਵੀ ਗੁਲਾਮਾਂ ਵਰਗੀ ਹੀ ਹੋ ਜਾਂਦੀ ਹੈ। ਜਿਸ ਦੇ ਕਾਰਨ ਸਮਾਜ ਵਿਚ ਉਸ ਦਾ ਕੋਈ ਰੁਤਬਾ ਨਹੀਂ ਬਣ ਸਕਦਾ। ਇਸ ਲਈ ਹਰ ਵਿਅਕਤੀ ਨੂੰ ਆਰਥਿਕ ਤੌਰ ਤੇ ਵੀ ਆਤਮ-ਨਿਰਭਰ ਹੋਣਾ ਚਾਹੀਦਾ ਹੈ, ਤਾਂ ਕਿ ਉਹ ਆਪਣੇ ਦ੍ਰਿਸ਼ਟੀਕੌਣ ਨੂੰ ਪੇਸ਼ ਕਰ ਸਕੇ। ਖੁਸ਼ਹਾਲ ਲੋਕਾਂ ਨੂੰ ਸੰਬੋਧਿਤ ਕਰਦਿਆਂ ਹੋਇਆਂ ਗੁਰੂਦੇਵ ਨੇ ਕਿਹਾ ਸੀ ਸਿਰਫ ਮਿਹਨਤ (ਧਰਮ ਦੀ ਕਿਰਤ) ਕਰਨਾ ਹੀ ਕਾਫੀ ਨਹੀਂ, ਉਸ ਵਿਚੋਂ ਦਸਵੰਧ ਕੱਢ ਕੇ ਕਮਜ਼ੋਰ ਵਰਗ ਦੀ ਸਹਾਇਤਾ ਕਰਨੀ ਵੀ ਬਹੁਤ ਜ਼ਰੂਰੀ ਹੈ। ਵਾਸਤਵਿਕ ਸਮਾਜ ਦੀ ਸਿਰਜਣਾ ਤਾਂ ਹੀ ਸੰਭਵ ਹੈ, ਜਦ ਹਰ ਵਿਅਕਤੀ ਕਿਸੇ ਦੂਜੇ ਪੀੜਿਤ ਵਿਅਕਤੀ ਦੀ ਸਹਾਇਤਾ ਕਰਨ ਲਈ ਨਿਸ਼ਕਾਮ ਸੇਵਾ-ਭਾਵ ਨਾਲ ਤਿਆਰ ਰਹੇ।

ਗੁਰੂਦੇਵ ਨੇ ਮਾਨਵਤਾ ਨੂੰ ਸਮਾਜਵਾਦ ਦਿੱਤਾ ਜੋ ਮਾਨਵ ਅੰਤਹਕਰਣ ਦੀ ਪੱਵਿਤਰਤਾ ਤੇ ਆਧਾਰਿਤ ਹੈ, ਜਿਸ ਨੂੰ ਮਨੁੱਖ ਸੇਵਾ-ਭਾਵ, ਪਰਉਪਕਾਰ, ਤਿਆਗ ਆਦਿ ਨੈਤਿਕ ਗੁਣਾਂ ਨੂੰ ਧਾਰਨ ਕਰਕੇ ਪ੍ਰਾਪਤ ਕਰਦਾ ਹੈ। ਅਜਿਹੇ ਸਮੁੱਚੇ ਨੈਤਿਕ ਗੁਣ, ਸਿਰਫ ਧਾਰਮਿਕ ਲੋਕਾਂ ਵਿਚ ਹੀ ਪੈਦਾ ਹੁੰਦੇ ਹਨ, ਕਿਉਂਕਿ ਧਰਮ ਦਾ ਅੰਕੁਸ਼ ਹੀ ਮਨੁੱਖ ਦੀਆਂ ਚੰਚਲ ਪ੍ਰਵਿਰਤੀਆਂ ਤੇ ਕਾਬੂ ਰੱਖਦਾ ਹੈ :-

**"ਜਿਉ ਮੰਦਰ ਕਉ ਥਾਮੈ ਥੰਮਨੁ ॥**
**ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ ॥"**
ਮ. 5, ਅੰਗ 282

ਆਧੁਨਿਕ ਸਮਾਜਵਾਦ ਦਾ ਜੋ ਸਰੂਪ ਅੱਜ ਸਾਡੇ ਸਾਹਮਣੇ ਹੈ, ਉਹ ਕਾਨੂੰਨੀ ਦਬਾਉ ਅਤੇ ਪ੍ਰਸ਼ਾਸਨ ਡਰ ਤੇ ਆਧਾਰਿਤ ਹੈ ਅਤੇ ਅਸਲ ਵਿਚ ਇਹ ਬੁਰੀ ਤਰ੍ਹਾਂ ਫੇਲ ਹੈ। ਜਿਉਂ ਜਿਉਂ ਸੱਤਾਧਾਰੀ ਲੋਕ ਭ੍ਰਿਸ਼ਟ ਹੁੰਦੇ ਗਏ, ਉਨ੍ਹਾਂ ਦਾ ਜਨਤਾ ਅਤੇ ਸਮਾਜ ਉਤੇ ਕਾਬੂ ਘਟਦਾ ਗਿਆ ਅਤੇ ਆਧੁਨਿਕ ਸਮਾਜਵਾਦ ਦੀ ਅਸਫਲਤਾ ਅਤੇ ਖੋਖਲਾਪਨ ਸਾਹਮਣੇ ਆ ਗਿਆ। ਇਸ ਤਰ੍ਹਾਂ ਸਮਾਜਵਾਦ ਦੇ ਸਫਲ ਨਾ

ਹੋਣ ਦਾ ਮੂਲ ਕਾਰਨ ਨੈਤਿਕ ਗੁਣਾ ਦੀ ਕਮੀ ਹੈ, ਜੋ ਕਿ ਧਰਮ ਦੇ ਬਿਨਾਂ ਮਨੁੱਖੀ ਹਿਰਦੇ ਵਿਚ ਪੈਦਾ ਨਹੀਂ ਹੋ ਸਕਦੇ। ਸਚਾਈ ਤਾਂ ਇਹ ਹੈ ਕਮਿਊਨਿਸਟ ਲੋਕਾਂ ਨੇ ਪਾਖੰਡੀਆਂ ਨੂੰ ਵੇਖ ਕੇ, ਬਿਨਾਂ ਖੋਜ ਕੀਤੇ ਧਰਮ ਨੂੰ ਹੀ ਅਫੀਮ ਦੀ ਗੋਲੀ ਕਹਿਣਾ ਸ਼ੁਰੂ ਕਰ ਦਿੱਤਾ, ਜਿਸ ਦੇ ਨਤੀਜੇ ਵਜੋਂ ਉਨ੍ਹਾਂ ਦੇ ਸਾਮਰਾਜ ਦਾ ਪਤਨ ਹੋਣਾ ਸ਼ੁਰੂ ਹੋ ਗਿਆ।

ਸੈਦਪੁਰ (ਐਮਨਾਬਾਦ) ਵਿਚ ਗੁਰੂਦੇਵ ਜੀ ਜਦ ਆਮ ਜਨਤਾ ਵਿਚ ਜਾਗਰਤੀ ਲਿਆਉਣ ਦੇ ਉਦੇਸ਼ ਨਾਲ ਸੱਤਾਧਾਰੀਆਂ ਨਾਲ ਸੰਘਰਸ਼ ਕਰ ਰਹੇ ਸਨ ਤਾਂ ਉਨ੍ਹਾਂ ਨੇ ਲੋਧੀ ਸਾਮਰਾਜ ਦੇ ਦਮਨ ਚੱਕਰ ਨੂੰ ਵੇਖ ਕੇ ਉਚਾਰਨ ਕੀਤਾ :-

**ਰਾਜੇ ਸੀਹ ਮੁਕਦਮ ਕੁਤੇ ॥**
**ਜਾਇ ਜਗਾਇਨਿ ਬੈਠੇ ਸੁਤੇ ॥**
ਮ. 1, ਅੰਗ 1288

ਉਨ੍ਹੀ ਦਿਨੀਂ ਭਾਰਤ ਤੇ ਬਾਬਰ ਨੇ ਹਮਲਾ ਕੀਤਾ । ਉਸਦੀ ਸੈਨਾ ਨੇ ਨਿਰਦੋਸ਼ ਨਾਗਰਿਕਾਂ ਤੇ ਅਤਿਆਚਾਰ ਕਰਦਿਆਂ ਬਹੁਤ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ, ਇਸ ਜ਼ੁਲਮ ਦੇ ਵਿਰੁੱਧ ਆਵਾਜ਼ ਉਠਾਂਦਿਆਂ ਗੁਰੂਦੇਵ ਨੇ ਹਮਲਾਵਰ ਨੂੰ ਕਿਹਾ-ਬਾਬਰ ਤੂੰ ਜਾਬਰ (ਜ਼ਾਲਮ) ਹੈ। ਬਸ ਫਿਰ ਕੀ ਸੀ ? ਬਾਬਰ ਨੇ ਗੁਰੂ ਜੀ ਨੂੰ ਜੇਲ ਵਿਚ ਬੰਦ ਕਰ ਦਿੱਤਾ ਅਤੇ ਉਥੇ ਉਨ੍ਹਾਂ ਨੂੰ ਕਸ਼ਟ ਦੇਣ ਲਈ ਚੱਕੀ ਚਲਾਉਣ ਦਾ ਹੁਕਮ ਦਿੱਤਾ। ਉਸ ਵੇਲੇ ਗੁਰੂ ਜੀ ਨੇ ਭਾਈ ਮਰਦਾਨੇ ਨੂੰ ਕਿਹਾ, "ਭਾਈ ਮਰਦਾਨਾ ਤੂੰ ਰਬਾਬ (ਵਾਇਲਨ ਵਰਗਾ ਸਾਜ) ਵਜਾ, ਬਾਣੀ (ਸ਼ਬਦ) ਦਾ ਬਾਣ ਹੁਣ ਚਲਾਉਣਾ ਹੋਵੇਗਾ। ਭਾਈ ਜੀ ਦੁਆਰਾ ਵਜਾਈ ਗਈ ਮਧੁਰ ਧੁਨ ਅਤੇ ਗੁਰੂ ਦੇਵ ਜੀ ਦੇ ਅਲੌਕਿਕ ਕੀਰਤਨ ਨੇ ਅਜਿਹਾ ਸਮਾਂ ਬੰਨ੍ਹਿਆ ਕਿ ਸਾਰੇ ਸਿਪਾਹੀ ਅਤੇ ਜੇਲ੍ਹਰ ਮੁਗਧ ਹੋ ਗਏ। ਉਨ੍ਹਾਂ ਨੇ ਬਾਬਰ ਨੂੰ ਗੁਰੂਦੇਵ ਦੇ ਦਰਸ਼ਨਾਂ ਲਈ ਭੇਜਿਆ। ਜਦੋਂ ਬਾਬਰ ਗੁਰੂਦੇਵ ਦੇ ਦਰਸ਼ਨਾਂ ਲਈ ਆਇਆ ਤਾਂ ਗੁਰੂਦੇਵ ਨੇ ਨਿਰਦੋਸ਼ ਲੋਕਾਂ ਦੀ ਹੱਤਿਆ ਅਤੇ ਗਰੀਬ ਜਨਤਾ ਤੇ ਅਤਿਆਚਾਰ ਕਰਨ ਤੋਂ ਉਸ ਨੂੰ ਰੋਕਿਆ ਅਤੇ ਉਪਦੇਸ਼ ਦਿੱਤਾ ਕਿ ਸ਼ਾਸਕ ਵਰਗ ਕੋਈ ਵੀ ਹੋਵੇ ਉਸਨੂੰ ਆਪਣੀ ਪਰਜਾ ਦੇ ਨਾਲ ਬਿਨ੍ਹਾਂ ਕਿਸੇ ਵਿਤਕਰੇ ਦੇ ਚੰਗਾ ਸਲੂਕ ਕਰਨਾ ਚਾਹੀਦਾ ਹੈ। ਜੋ ਸ਼ਾਸਕ ਅਜਿਹਾ ਕਰਦੇ ਹਨ, ਉਨ੍ਹਾਂ ਦਾ ਸਾਮਰਾਜ ਚਿਰ-ਸਥਾਈ ਬਣਿਆ ਰਹਿੰਦਾ ਹੈ। ਗੁਰੂ ਜੀ ਨੇ ਬਾਬਰ ਦੇ ਦਿਲ ਵਿਚ ਇਹ ਗੱਲ ਵਸਾ ਦਿੱਤੀ ਕਿ ਅਸਲੀ ਸ਼ਾਸਕ ਉਹੀ ਹੁੰਦੇ ਹਨ ਜੋ ਪਰਜਾ ਦੇ ਦਿਲਾਂ ਤੇ ਰਾਜ ਕਰਦੇ ਹਨ। ਇਸ ਤਰ੍ਹਾਂ ਗੁਰੂਦੇਵ ਨੇ ਰਾਜਨੀਤਿਕ ਆਜ਼ਾਦੀ ਦੇ ਸੰਘਰਸ਼ ਵਿਚ ਆਪਣਾ ਯੋਗਦਾਨ ਦਿੱਤਾ ਅਤੇ ਕਿਹਾ :-

ਗੁਰੂਦੇਵ ਨੇ ਰਾਜਨੀਤਿਕ ਆਜ਼ਾਦੀ ਦੇ ਅਹਿਸਾਸ ਨੂੰ ਵਿਵਹਾਰਿਕ ਰੂਪ ਦੇਣ ਲਈ ਆਪਣੇ ਪੈਰੋਕਾਰਾਂ ਨੂੰ ਹਰ ਤਰ੍ਹਾਂ ਨਾਲ ਸ਼ਕਤੀ-ਬੱਧ ਹੋਣ ਦੀ ਪ੍ਰੇਰਨਾ ਦਿੱਤੀ ਅਤੇ ਕਿਹਾ ਕਿ ਕਮਜ਼ੋਰ ਵਿਅਕਤੀ ਹਰ ਦ੍ਰਿਸ਼ਟੀਕੋਣ ਤੋਂ ਸਮਾਜ ਦੇ ਹਿੱਤ ਵਿਚ ਨਾ ਹੋ ਕੇ, ਸਗੋਂ ਸਮਾਜ ਤੇ ਭਾਰ ਬਣ ਜਾਂਦਾ ਹੈ। ਇਸ ਲਈ ਮਨੁੱਖ ਦਾ ਉਦੇਸ਼ ਹਰ ਪ੍ਰਕਾਰ ਦੀ ਸ਼ਕਤੀ ਪ੍ਰਾਪਤ ਕਰਨਾ ਹੋਣਾ ਚਾਹੀਦਾ ਹੈ, ਜਿਸ ਨਾਲ ਸਮਾਜ ਵਿਚ ਸ਼ਕਤੀ ਸੰਤੁਲਨ ਬਣਿਆ ਰਹੇ, ਕਿਉਂਕਿ ਸ਼ਕਤੀ ਸੰਤੁਲਨ ਬਣਾਉਣ ਨਾਲ ਹੀ ਸ਼ਾਂਤੀ ਸਥਾਪਿਤ ਰਹਿੰਦੀ ਹੈ, ਨਹੀਂ ਤਾਂ ਅਤਿਆਚਾਰੀ ਲੋਕ, ਕਮਜ਼ੋਰ ਵਰਗ (ਮਜਲੂਮਾਂ) ਨੂੰ ਖਤਮ ਕਰ ਦੇਂਦੇ ਹਨ। ਹਰ ਤਰ੍ਹਾਂ ਨਾਲ ਆਪਣੀ ਅਧੀਨਤਾ ਮੰਨਣ ਲਈ ਮਜਬੂਰ ਕਰਦੇ ਹਨ। ਗੁਰੂ ਜੀ ਨੇ ਅੱਗੇ ਕਿਹਾ ਕਿ ਸ੍ਰਿਸ਼ਟੀ ਦੇ ਮਾਲਕ ਨੇ ਇਸ ਧਰਤੀ ਤੇ ਮਨੁੱਖ ਨੂੰ ਸਾਰੇ ਪ੍ਰਾਣੀਆਂ ਦਾ ਸਰਦਾਰ ਭਾਵ ਸ਼੍ਰੋਮਣੀ ਪ੍ਰਾਣੀ ਬਣਾਇਆ ਹੈ, ਇਸ ਲਈ ਉਸਨੇ ਮਨੁੱਖ ਨੂੰ ਕੁਝ ਵਿਸ਼ੇਸ਼ ਸ਼ਕਤੀਆਂ ਦਿੱਤੀਆਂ ਹਨ, ਜਿਨ੍ਹਾਂ ਦਾ ਵਿਕਾਸ ਅਥਵਾ ਵਿਨਾਸ਼ ਮਨੁੱਖ ਦੇ ਆਪਣੇ ਹੱਥ ਵਿੱਚ ਹੈ। ਉਹ ਅੱਠ ਸ਼ਕਤੀਆਂ ਇਸ ਪ੍ਰਕਾਰ ਹਨ :- ਸਰੀਰਕ ਸ਼ਕਤੀ, ਮਾਨਸਿਕ ਅਤੇ ਬੌਧਿਕ ਸ਼ਕਤੀ, ਆਤਮਿਕ ਸ਼ਕਤੀ, ਧਨ, ਅਹੁਦਾ, ਅਸਤਰ-ਸ਼ਸਤਰ, ਏਕਤਾ ਅਤੇ ਗਿਣਤੀ ਦੀ ਸ਼ਕਤੀ, ਜੋ ਮਨੁੱਖ ਇਨ੍ਹਾਂ ਸ਼ਕਤੀਆਂ ਦਾ ਵਿਕਾਸ ਨਾ ਕਰਕੇ, ਵਿਨਾਸ਼ ਕਰਦੇ ਹਨ, ਉਹ ਜਲਦੀ ਹੀ ਖੁਦ ਨੂੰ ਸਦਾ ਦੇ ਲਈ ਗੁਲਾਮੀ ਵੱਲ ਲੈ ਜਾਂਦੇ ਹਨ।

ਇਬਰਾਹੀਮ ਲੋਧੀ ਦੀ ਹਾਰ ਦਾ ਮੁੱਖ ਕਾਰਨ ਇਹ ਸੀ ਕਿ ਉਸਨੇ ਆਪਣੀ ਸ਼ਕਤੀ ਦੇ ਵਿਕਾਸ ਅਥਵਾ ਉਸਦੇ ਆਧੁਨਿਕੀਕਰਣ ਤੇ ਧਿਆਨ ਹੀ ਨਹੀਂ ਦਿੱਤਾ ਸੀ। ਇਸ ਦੇ ਉਲਟ ਬਾਬਰ ਨੇ ਅੱਠਾਂ ਸ਼ਕਤੀਆਂ ਦਾ ਵਿਕਾਸ ਕਰਕੇ ਭਾਰਤ ਨੂੰ ਗੁਲਾਮ ਬਣਾ ਲਿਆ। ਜੇ ਹੁਣ ਵੀ ਅਸੀਂ ਇਨ੍ਹਾਂ ਘਟਨਾਵਾਂ ਤੋਂ ਸਿੱਖਿਆ ਨਾ ਲਈ ਤਾਂ ਆਜ਼ਾਦ ਮਾਨਵ ਸਮਾਜ ਦੀ ਕਲਪਨਾ ਫਿਰ ਤੋਂ ਅਰਥਹੀਣ ਬਣ ਕੇ ਰਹਿ ਜਾਵੇਗੀ। ਇਸ ਲਈ ਗੁਰੂ ਸਾਹਿਬ ਦੇ ਉਤਰਾਧਿਕਾਰੀ ਗੁਰੂ ਅੰਗਦ ਦੇਵ ਜੀ ਨੇ ਆਪਣੇ ਜੀਵਨ-ਕਾਲ ਵਿਚ ਸਰੀਰਕ, ਬੌਧਿਕ ਅਤੇ ਆਤਮਿਕ ਸ਼ਕਤੀ ਦੀ ਪ੍ਰਾਪਤੀ ਨੂੰ ਸਭ ਤੋਂ ਵੱਧ ਸਨਮਾਨ ਦਿੱਤਾ। ਉਨ੍ਹਾਂ ਨੇ ਕੁਸ਼ਤੀ ਆਦਿ ਦੇ ਲਈ ਅਖਾੜੇ ਬਣਵਾਏ ਅਤੇ ਨੌਜਵਾਨਾਂ ਨੂੰ ਇਸ ਪਾਸੇ ਲਾਇਆ। ਗੁਰੂ ਨਾਨਕ ਦੇਵ ਜੀ ਦੇ ਇਕ ਹੋਰ ਸੇਵਕ ਬਾਬਾ ਬੁੱਢਾ ਜੀ ਨੇ ਇਸ ਕੰਮ ਵਿਚ ਵੱਧ ਚੜ੍ਹ ਕੇ ਆਪਣਾ ਯੋਗਦਾਨ ਦਿੱਤਾ ਅਤੇ ਗੁਰੂ ਅੰਗਦ ਦੇਵ ਜੀ ਦੀ ਅਗਵਾਈ ਵਿਚ ਅਸਤਰ-ਸ਼ਸਤਰ ਚਲਾਉਣ ਦੀ ਵਿਦਿਆ ਪ੍ਰਾਪਤ ਕੀਤੀ।

ਗੁਰੂ ਅੰਗਦ ਦੇਵ ਜੀ ਨੇ ਗੁਰੂ ਬਾਬਾ ਨਾਨਕ ਦੇਵ ਜੀ ਦੇ ਉਪਦੇਸ਼ਾਂ ਨੂੰ ਵਿਵਹਾਰਿਕ ਰੂਪ ਦੇਣ ਦੇ ਲਈ

ਸਿੱਖ ਕੌਮ ਅਤੇ ਪੰਜਾਬੀਅਤ ਦੇ ਲਈ ਇੱਕ ਬਹੁਤ ਵਡਾ ਉਪਾਅ ਇਹ ਕੀਤਾ ਕਿ ਉਨ੍ਹਾਂ ਨੇ ਵਿਦਿਆ ਦੇ ਪਰਸਾਰ ਨੂੰ ਹੋਰ ਵਧਾਉਣ ਲਈ, ਗੁਰੂਦੇਵ ਜੀ ਦੁਆਰਾ ਖੋਜੀ ਗਈ ਗੁਰਮੁਖੀ-ਲਿੱਪੀ ਨੂੰ ਸਿੱਖਿਆ ਦਾ ਮਾਧਿਅਮ ਬਣਾਇਆ, ਜਿਸ ਨਾਲ ਆਮ-ਜਨਤਾ ਨੂੰ ਸੰਸਕ੍ਰਿਤ ਦੀ ਥਾਂ ਆਮ ਬੋਲ-ਚਾਲ ਦੀ ਭਾਸ਼ਾ ਮਿਲ ਸਕੇ ਅਤੇ ਲੋਕ ਆਪਣੀ ਮਾਤ-ਭਾਸ਼ਾ ਵਿਚ ਗਿਆਨ ਪ੍ਰਾਪਤ ਕਰ ਸਕਣ।

ਗੁਰੂ ਨਾਨਕ ਦੇਵ ਜੀ ਦੇ ਸਮੇਂ ਇਸਤਰੀਆਂ ਨੂੰ ਕਈ ਕਾਰਨਾਂ ਤੋਂ ਨੀਵੀਂ ਨਜ਼ਰ ਨਾਲ ਵੇਖਿਆ ਜਾਂਦਾ ਸੀ ਅਤੇ ਉਨ੍ਹਾਂ ਦੀ ਨਿੰਦਿਆਂ ਕੀਤੀ ਜਾਂਦੀ ਸੀ। ਉਨ੍ਹਾਂ ਨੂੰ ਧਾਮਿਕ ਕੰਮਾਂ ਅਤੇ ਸਮਾਜਿਕ ਰਸਮਾਂ ਵਿਚ ਹਿੱਸਾ ਲੈਣ ਤੋਂ ਰੋਕ ਦਿੱਤਾ ਜਾਂਦਾ ਸੀ ਅਤੇ ਮੁਸਲਮਾਨ ਲੋਕਾਂ ਦਾ ਤਾਂ ਇਹ ਹਾਲ ਸੀ ਕਿ ਉਹ ਉਨ੍ਹਾਂ ਨੂੰ ਅਪੱਵਿਤਰ (ਨਾਪਾਕ) ਕਹਿ ਕੇ ਨੀਵਾਂ ਦਿਖਾਉਂਦੇ ਸਨ। ਇਸਤਰੀਆਂ ਦੀ ਤਰਸਯੋਗ ਹਾਲਤ ਨੂੰ ਵੇਖ ਕੇ ਹੀ ਗੁਰੂ ਜੀ ਨੇ ਕਿਹਾ ਸੀ :-

**"ਜਿਉ ਜੋਰੂ ਸਿਰਨਾਵਣੀ ਆਵੈ ਵਾਰੋ ਵਾਰ ॥**
**ਜੂਠੇ ਜੂਠਾ ਮੁਖਿ ਵਸੈ ਨਿਤ ਨਿਤ ਹੋਇ ਖੁਆਰੁ ॥**
**ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ॥**
**ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥"**

ਮ. 1, ਅੰਗ 472

ਭਾਵ-ਅਰਥ ਬਿਲਕੁਲ ਸਪਸ਼ਟ ਹੈ ਕਿ ਜਦ ਆਦਮੀਆਂ ਦੇ ਸਰੀਰ ਵਿਚੋਂ ਵੀ ਮਲ-ਮੂਤਰ ਨੂੰ ਤਿਆਗਣ ਦੀ ਕਿਰਿਆ ਚਲਦੀ ਰਹਿੰਦੀ ਹੈ ਤਾਂ ਫਿਰ ਉਹ ਅਪੱਵਿਤਰ ਕਿਉਂ ਨਹੀਂ? ਕੁਦਰਤ ਵਲੋਂ ਜਨਨੀ ਬਣਨ ਦੀ ਵਿਸ਼ੇਸ਼ ਪ੍ਰਕਿਰਿਆ ਸਿਰਫ ਨਾਰੀ ਦੇ ਹਿੱਸੇ ਹੀ ਆਈ ਹੈ, ਜੋ ਕਿ ਉਸਦਾ ਧਰਮ ਹੈ। ਉਸ ਦੇ ਲਈ ਇਹ ਅਪੱਵਿਤਰ ਕਿਉਂ ? ਕੀ ਮਾਸਿਕ ਧਰਮ, ਮਲ-ਮੂਤਰ ਤੋਂ ਵੱਧ ਗੰਦਾ ਹੈ, ਜੇ ਨਹੀਂ ਤਾਂ ਫਿਰ ਦਮਨ ਚੱਕਰ ਕਿਉਂ ?

ਗੁਰੂਦੇਵ ਨੇ ਆਪਣੇ ਮੂਲ-ਸਿਧਾਂਤ- ਕਿਰਤ ਕਰੋ ਦੇ ਅਨੁਸਾਰ ਮਜ਼ਦੂਰਾਂ ਤੇ ਹੋ ਰਹੇ ਸ਼ੋਸ਼ਣ ਦੇ ਵਿਰੁੱਧ ਪੂੰਜੀਪਤੀਆਂ ਨੂੰ ਚੁਣੌਤੀ ਦਿੱਤੀ ਅਤੇ ਕਿਹਾ ਕਿ ਜਿਨ੍ਹਾਂ ਨੂੰ ਨੀਵੀਂ ਸ਼੍ਰੇਣੀ ਦੇ ਕਹਿ ਕੇ

ਫਿਟਕਾਰਿਆ ਜਾਂਦਾ ਹੈ, ਅਸਲ ਵਿਚ ਉਹ ਨੀਚ ਨਹੀਂ, ਉਹੀ ਲੋਕ ਸੱਚੇ ਅਰਥਾਂ ਵਿਚ ਧਰਮੀ ਹਨ ਕਿਉਂਕਿ ਉਹ ਭ੍ਰਿਸ਼ਟਾਚਾਰ ਤੋਂ ਦੂਰ ਰਹਿ ਕੇ ਮਿਹਨਤ ਨਾਲ ਆਪਣੀ ਉਪਜੀਵਕਾ ਕਮਾਉਂਦੇ ਹਨ। ਸੱਚੀ ਮਿਹਨਤ ਨਾਲ ਹਿਰਦਾ ਪੱਵਿਤਰ ਹੋ ਜਾਂਦਾ ਹੈ। ਇਸ ਲਈ ਇਨ੍ਹਾਂ ਵਿਚ ਪਾਰਬ੍ਰਹਮ ਪਰਮੇਸ਼ਰ ਵਿਖਾਈ ਦੇਂਦਾ ਹੈ :-

**"ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚ ॥**
**ਨਾਨਕ ਤਿਨ ਕੈ ਸੰਗਿ ਵਡਿਆ ਸਿਉ ਕਿਆ ਰੀਸ ॥**
**ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥"**
ਮ. 1, ਅੰਗ 15

ਮਜ਼ਦੂਰ ਹੀ ਸਮਾਜ ਦਾ ਮੁੱਖ ਅੰਗ ਹਨ। ਜੇ ਇਹ ਮਜ਼ਦੂਰ ਮਿਹਨਤ ਕਰਨੀ ਛੱਡ ਦੇਣ ਤਾਂ ਸਮਾਜ ਇੱਕ ਦਿਨ ਵੀ ਨਹੀਂ ਚੱਲ ਸਕਦਾ।

ਗੁਰੁਦੇਵ ਜੀ ਨੇ ਸਿੱਧ-ਯੋਗੀਆਂ ਨਾਲ ਵਿਚਾਰ-ਗੋਸ਼ਟੀਆਂ ਦੇ ਦੌਰਾਨ ਉਨ੍ਹਾਂ ਨੂੰ ਚੁਣੌਤੀ ਦੇਂਦੇ ਹੋਏ ਕਿਹਾ, "ਹੇ ਭੰਗਰ ਨਾਥ ਜੇ ਤੁਹਾਡੀ ਮਾਤਾ ਗ੍ਰਹਿਸਥੀ ਨਾ ਹੁੰਦੀ ਤਾਂ ਤੁਹਾਡੀ ਹੋਂਦ ਹੀ ਨਾ ਹੁੰਦੀ ਕਿਉਂਕਿ ਗ੍ਰਹਿਸਥ ਆਸ਼ਰਮ ਹੀ ਕੁਦਰਤ ਦਾ ਅਸਲੀ ਨਿਯਮ ਹੈ। ਜੇ ਸਮੁੱਚੀ ਮਨੁੱਖ ਜਾਤੀ ਉਸ ਵਾਂਗ ਗ੍ਰਹਿਸਥ ਦਾ ਤਿਆਗ ਕਰ ਦੇਵੇ ਤਾਂ ਸ੍ਰਿਸ਼ਟੀ ਦੀ ਉਤਪਤੀ ਹੀ ਸੰਭਵ ਨਹੀਂ ਰਹੇਗੀ। ਜੇ ਨਾਰੀ ਜਾਤੀ ਨਾਲ ਉਸਨੂੰ ਐਨੀ ਨਫਰਤ ਹੈ ਤਾਂ ਫਿਰ ਘੜੀ-ਮੁੜੀ ਉਨ੍ਹਾਂ ਦੇ ਹੀ ਘਰ ਭਿਖਿਆ ਮੰਗਣ ਕਿਉਂ ਜਾਂਦੇ ਹੋ, ਅਰਥਾਤ ਉਨ੍ਹਾਂ ਮਾਵਾਂ-ਭੈਣਾਂ ਦੇ ਹੱਥਾਂ ਨਾਲ ਤਿਆਰ ਕੀਤਾ ਭੋਜਨ ਕਿਉਂ ਗ੍ਰਹਿਣ ਕਰਦੇ ਹੋ ? ਅਸਲ ਵਿਚ ਉਹ ਆਪਣੇ ਫਰਜ ਨੂੰ ਪਛਾਣਦੇ ਹੀ ਨਹੀਂ, ਉਹ ਤਾਂ ਗ੍ਰਹਿਸਥ ਤੋਂ ਮੂੰਹ ਮੋੜੇ ਹੋਏ ਇੱਕ ਨਿਖੱਟੂ ਦੇ ਰੂਪ ਵਿਚ ਘਰ ਤੋਂ ਭੱਜੇ ਹੋਏ ਵਿਅਕਤੀ ਹਨ ਜੋ ਕਿ ਆਪਣੇ ਜੀਵਨ-ਨਿਰਬਾਹ ਦਾ ਭਾਰ ਨਾ ਚੁਕਦੇ ਹੋਏ ਦੂਜਿਆਂ ਦੇ ਬਲਬੂਤੇ ਤੇ ਜਿਊਣ ਦਾ ਯਤਨ ਕਰਦੇ ਹਨ। ਅਜਿਹੇ ਲੋਕ ਸਮਾਜ ਦੇ ਲਈ ਇਕ ਸ਼ਰਾਪ ਹਨ।" ਗੁਰੂ ਜੀ ਨੇ ਅਸਲੀ ਜੋਗ ਦੇ ਬਾਰੇ ਦੱਸਦੇ ਹੋਏ ਫਰਮਾਇਆ :-

"ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ ॥
ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗ ਨ ਸਿੰਙੀ ਵਾਈਐ ॥
ਅੰਜਨ ਮਾਹਿ ਨਿਰੰਜਨਿ ਰਹੀਐ ॥
ਜੋਗ ਜੁਗਤਿ ਇਵ ਪਾਈਐ ਗਲੀ ਜੋਗੁ ਨ ਹੋਈ ॥"
ਮ. 1, ਅੰਗ 730

ਗੁਰੂਦੇਵ ਦੀ ਵਿਚਾਰਧਾਰਾ ਆਧੁਨਿਕ ਸੀ ਇਸ ਲਈ ਉਨ੍ਹਾਂ ਨੇ ਸਮਾਜ ਵਿਚ ਜਾਗਰਤੀ ਲਿਆਉਣ ਦੇ ਉਦੇਸ਼ ਨਾਲ ਚਿਰ-ਸਥਾਈ ਅਤੇ ਯੋਜਨਾ-ਬੱਧ ਪ੍ਰੋਗਰਾਮ ਚਲਾਉਣ ਲਈ ਆਪਣੇ ਯਤਨਾਂ ਨਾਲ ਕ੍ਰਾਂਤੀਕਾਰੀ ਉਤਰਾਧਿਕਾਰੀ ਦੀ ਖੋਜ ਸ਼ੁਰੂ ਕਰ ਦਿੱਤੀ। ਉਨ੍ਹਾਂ ਨੇ ਆਦੇਸ਼ ਜਾਰੀ ਕਰ ਦਿੱਤੇ, ਜਿਸ ਨਾਲ ਕ੍ਰਾਂਤੀਕਾਰੀ ਨੌਜੁਆਨਾਂ ਦਾ ਸੰਗਠਨ ਤਿਆਰ ਕੀਤਾ ਜਾ ਸਕੇ। ਇਸ ਕਾਰਜ ਦੀ ਸਿੱਧੀ ਦੇ ਲਈ ਉਨ੍ਹਾਂ ਨੇ ਆਪਣੇ ਚੇਲਿਆਂ ਦੀ ਸਖਤ ਪ੍ਰੀਖਿਆ ਲੈਣੀ ਸ਼ੁਰੂ ਕਰ ਦਿੱਤੀ ਤਾਂ ਕਿ ਆਪਣੇ ਆਪ ਨੂੰ ਨਿਛਾਵਰ ਕਰ ਸਕਣ ਦੀ ਯੋਗਤਾ ਰੱਖਣ ਵਾਲੇ ਵਿਅਕਤੀ ਹੀ ਯੋਗ ਸਥਾਨ ਲੈ ਸਕਣ। ਉਨ੍ਹਾਂ ਨੇ ਨਵੀਨਤਮ ਵਿਚਾਰਧਾਰਾ ਇਸ ਪ੍ਰਕਾਰ ਦਿੱਤੀ:-

"ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰ ਧਰੀਜੈ ॥
ਸਿਰ ਦੀਜੈ ਕਾਣਿ ਨ ਕੀਜੈ ॥"
ਮ. 1, ਅੰਗ 1412

ਇਸ ਤਰ੍ਹਾਂ ਗੁਰੂਦੇਵ ਨੇ ਠੀਕ ਸਮੇਂ ਤੇ, ਭੱਵਿਖ ਦੇ ਲਈ ਸਹੀ ਵਿਚਾਰਧਾਰਾ ਵਾਲੇ ਯੁਵਕਾਂ ਵਿਚੋਂ ਕਿਸੇ ਇੱਕ ਨੂੰ ਕਸੌਟੀ ਤੇ ਖਰਾ ਵੇਖ ਕੇ ਆਪਣਾ ਉਤਰਾਧਿਕਾਰੀ ਨਿਯੁਕਤ ਕੀਤਾ, ਜੋ ਕਿ ਭਗਤੀ ਦੇ ਨਾਲ ਸ਼ਕਤੀ ਪ੍ਰਾਪਤੀ ਦਾ ਸੰਘਰਸ਼ ਵੀ ਸਦਾ ਜਾਰੀ ਰੱਖ ਸਕੇ। ਸਮਾਜ ਨੂੰ ਤੰਗ-ਨਜ਼ਰੀਏ ਵਾਲਾ ਜੀਵਨ ਜਿਊਣ ਦੀ ਥਾਂ ਤੇ ਆਧੁਨਿਕ ਕ੍ਰਾਂਤੀਕਾਰੀ ਵਿਚਾਰਧਾਰਾ ਵਾਲਾ ਜੀਵਨ ਜਿਉਣ ਦੀ ਪ੍ਰੇਰਨਾ ਦੇ ਸਕੇ।

ਅਜਿਹੇ ਮਹਾਨ ਉਤਰਾਧਿਕਾਰੀ ਸਨ ਭਾਈ ਲਹਿਣਾ ਜੀ, ਜਿਨ੍ਹਾਂ ਤੇ ਗੁਰੂਦੇਵ ਜੀ ਨੇ ਆਪ ਕ੍ਰਿਪਾ ਦ੍ਰਿਸ਼ਟੀ ਕਰਕੇ ਅੰਗਦ ਨਾਮ ਦਿੱਤਾ। ਉਨ੍ਹਾਂ ਨੂੰ ਦੂਜੇ ਗੁਰੂ ਨਾਨਕ ਅਖਵਾਉਣ ਦਾ ਅਧਿਕਾਰ ਦਿੱਤਾ।

ਅਜਿਹੇ ਕ੍ਰਾਂਤੀਕਾਰੀ ਗੁਰੂਦੇਵ ਅੱਜ ਤੋਂ ਲਗਭਗ ਸਵਾ ਪੰਜ ਸੌ ਸਾਲ ਪਹਿਲਾਂ, ਇਸ "**ਜਗਤ ਜਲੰਦੇ ਨੂੰ ਠਾਰਨ**" (ਸੜਦੇ ਹੋਏ ਸੰਸਾਰ ਨੂੰ ਸ਼ਾਂਤ ਕਰਨ ਲਈ ਪ੍ਰਕਾਸ਼ ਮਈ ਜੋਤੀ-ਪੁੰਜ ਵਾਂਗ ਪ੍ਰਗਟ ਹੋਏ ਅਤੇ ਸੱਤਰ ਸਾਲ (71) ਤੋਂ ਵਧੇਰੇ ਸੰਸਾਰਿਕ ਜੀਵਨ ਬਤੀਤ ਕਰਕੇ ਮਹਾਂ-ਜੋਤੀ ਪੁੰਜ ਵਿਚ ਵਲੀਨ ਹੋ ਗਏ। ਇਸ ਮਹਾਨ ਕ੍ਰਾਂਤੀਕਾਰੀ ਮਹਾਂਪੁਰਸ਼ ਦਾ ਇਸ ਧਰਤੀ ਤੇ ਅਵਤਾਰ ਧਾਰਨ ਕਰਨਾ ਇੱਕ ਅਲੌਕਿਕ ਘਟਨਾ ਹੈ। ਉਨ੍ਹਾਂ ਦਾ ਵਿਵਹਾਰਿਕ ਜੀਵਨ, ਉਨ੍ਹਾਂ ਦੇ ਉਪਦੇਸ਼ ਸਮੁੱਚੇ ਜਗਤ ਲਈ ਅਤੇ ਸਦੀਵ ਕਾਲ ਹਨ। ਸਮੁੱਚੀ ਮਾਨਵ-ਜਾਤੀ ਨੂੰ ਏਕਤਾ ਦੇ ਸੂਤਰ ਵਿਚ ਸੰਚਾਰ ਕਰਕੇ ਮਾਨਵ-ਪੀੜਾ, ਦੁੱਖ-ਕਲੇਸ਼ ਨੂੰ ਜੜ੍ਹੋਂ ਖਤਮ ਕਰਨ ਦੇ ਉਨ੍ਹਾਂ ਦੇ ਯਤਨ ਅਤੇ ਸੁਨੇਹੇ ਜੁੱਗਾਂ ਜੁੱਗਾਂ ਤੱਕ ਸਮੁੱਚੀ ਮਾਨਵ-ਜਾਤੀ ਨੂੰ ਪ੍ਰੇਰਨਾ ਦੇਂਦੇ ਰਹਿਣਗੇ। ਅਜਿਹੇ ਗੁਰੂ ਅਤੇ ਪੀਰ ਨੂੰ ਅਸੀਂ ਸ਼ਰਧਾਪੂਰਵਕ ਨਮਸਕਾਰ (ਪ੍ਰਣਾਮ) ਕਰਦੇ ਹਾਂ।

**ਧੰਨਵਾਦ**

**ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ !**

**ਅਨੁਵਾਦਕ ਅਤੇ ਸਹਿਯੋਗੀ ਬੀਬੀ ਸਤਬੀਰ ਕੌਰ**

**ਫੋਨ : 0172-2633397, 9815376888**

**ਆਪ ਜੀ ਦਾ ਸ਼ੁਭ ਚਿੰਤਕ**

**ਲੇਖਕ-ਜਸਵੀਰ ਸਿੰਘ**

**ਸਮਾਪਤ**

निम्नलिखित वेबसाइट में दस गुरूजनों का सम्पूर्ण जीवन वृत्तांत विस्तृत रूप में अवश्य देखें तथा पढ़ें।

# www.sikhworld.info
# or
# www.sikhhistory.in


E-mail : info@sikhworld.info
&
jasbirsikhworldinfo@gmail.com


ਉਪਰੋਕਤ ਵੇਬ ਸਾਇਟ ਵਿੱਚ ਦਸ ਗੁਰੂਸਾਹਿਬਾਂਨ ਦਾ ਸੰਪੂਰਨ ਜੀਵਨ ਬਿਊਰਾ ਵਿਸਤਾਰ ਸਹਿਤ ਜ਼ੂਰਰ ਦੇਖੋ ਅਤੇ ਪੜੋ ਜੀ।

-ਇਸ ਵੈਬ ਸਾਈਟ ਦੀ ਵਿਸ਼ੇਸ਼ਤਾ

ਇਸ ਵਿਚ ਹੈ ਇਕ ਵਿਸਾਲ ਸਿੱਖ ਸੰਗ੍ਰਹਾਲਯ (Museum)
ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਵ੍ਰਿਤਾਤਾਂ ਨਾਲ ਸਮਬੰਦਿਤ ਘਟਨਾ ਕਰਮ ਦੀਆਂ ਤਸਵੀਰਾਂ ਤੋਂ ਲੈਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤਕ ਕਾਲਪਨਿਕ ਤਸਵੀਰਾਂ ਜੋ ਇਤਿਹਾਸ ਦ੍ਰਸਾਂਆਉਦੀਆਂ ਹਨ ਅਤੇ ਉਨ੍ਹਾਂ ਹੇਠ ਹਨ ਹਿੰਦੀ, ਪੰਜਾਬੀ ਵਿਚ ਟਿਪਣੀਆਂ (ਫੁਟਨੋਟ) ਜੋਕਿ ਘਟਨਾਂ ਕਰਮ ਅਤੇ ਇਤਿਹਾਸਿਕ ਪਰਸੰਗਾਂ ਦਾ ਵਰਣਨ ਕਰਿਦਿਆਂ ਹਨ।
ਨੋਟ :- ਇਹ ਕਮ ਬੰਚਿਆਂ ਦੀ ਰੁਚੀ ਨੂੰ ਮੁਖ ਰਖਦੇ ਕੀਤਾ ਗਿਆ ਹੈ। ਤਾਕਿ ਉਹ ਸਹਿਜੇ ਹੀ ਅਪਣਾ ਇਤਿਹਾਸ ਜਾਣ ਸਕਣ। ਮੈਂਨੂੰ ਉਮਿਦ ਹੈ ਕਿ ਸਿੱਖ ਜਗਤ ਦੇ ਕਿਸ਼ੋਰ ਅਤੇ ਯੁਵਕ ਇਸ ਵਿਧਿ ਤੋਂ ਲਾਭ ਉਠਾਉਣਗੇ। ਕਿਉਂਕਿ ਇਸ ਵਿਧਿ ਵਿਚ ਅੱਧੀ ਗਲ ਤਸਵੀਰਾਂ ਕਹਿੰਦੀਆਂ ਹਨ ਅਤੇ ਅੱਧੀ ਗਲ ਫੁਟ ਨੋਟ। ਇਸ ਤਰ੍ਹਾਂ ਪਠਕਾਂ ਦੇ ਮਨ ਵਿਚ ਅਪਣੇ ਇਤਿਹਾਸ ਨੂੰ ਪੜਨ ਲਈ ਇੱਛਾ ਜਾਗਰਿਤ ਹੋ ਜਾਂਦੀ ਹੈ।
ਹੁਣ ਤੁਸੀ ਇਸ ਤੋਂ ਅਗੇ ਸਤਾਰਵੀਂ, ਅਠਾਹਰਵੀਂ ਅਤੇ ਉਨ੍ਹੰਵੀਂ ਸੱਦੀ ਦੇ ਸ਼ਹੀਦਾਂ ਦੀਆਂ ਤਸਵੀਰਾਂ ਫੁਟ ਨੋਟ ਸਹਿਤ ਵੇਖੋਗੇ। ਇਸ ਦੇ ਨਾਲ ਹੀ ਸਿੱਖ ਮਾਹਾਪੁਰਖਾਂ ਦੇ ਚਿਤਰ ਅਤੇ ਬੁਧੀ ਜੀਵੀਆਂ ਦੇ ਚਿੱਤਰ ਅਤੇ ਟਿਪੜਿਆਂ ਪੜ੍ਹ ਸਕੋਗੇ।
ਕ੍ਰਿਪਾ ਕਰਕੇ ਆਪ ਜੀ ਸਿੱਖ ਮਿਅਉਜਿਯਮ ਤੇ ਜ਼ਰੂਰੀ ਕਿਲੀਕ ਕਰੋਜੀ।

-ਇਸ ਵੈਬ ਸਾਈਟ ਦੀ ਵਿਸ਼ੇਸ਼ਤਾ

ਨੋਟ:-

1. ਜੇਕਰ ਕੋਈ ਇਸ ਨੂੰ ਦੂਬਾਰਾ ਪ੍ਰਕਾਸ਼ਿਤ ਕਰਵਾਣਾ ਚਾਹੇ ਤਾਂ ਉਹ ਇਸ ਨੂੰ ਮੁਫ਼ਤ ਵੰਡ ਸਕਦਾ ਹੈ।
2. यदि कोई इसे पुनः प्रकाशित करवाना चाहे तो वह निःशुल्क बटवा सकता है।

**Download Free**